ਨਿਊਜ਼ ਰੀਲੀਜ਼

Ontario

29 ਅਪ੍ਰੈਲ, 2022

# ਓਨਟੈਰੀਓ ਦੀ ਨਿਰਮਾਣ ਦੀ ਯੋਜਨਾ (Ontario's Plan to Build)

## *2022 Budget* ਬਿਹਤਰ ਨੌਕਰੀਆਂ ਅਤੇ ਵੱਡੀਆਂ ਤਨਖਾਹਾਂ, ਹਾਈਵੇਅ, ਟ੍ਰਾਂਜ਼ਿਟ ਅਤੇ ਹਸਪਤਾਲ ਬਣਾਉਣ, ਅਤੇ ਪਰਿਵਾਰਾਂ ਲਈ ਘੱਟ ਲਾਗਤਾਂ ਲਈ ਯੋਜਨਾ ਦਾ ਸਮਰਥਨ ਕਰਦਾ ਹੈ

ਟੋਰਾਂਟੋ - ਅੱਜ ਵਿੱਤ ਮੰਤਰੀ Peter Bethlenfalvy ਨੇ 2022 Budget ਜਾਰੀ ਕੀਤਾ। *ਓਨਟੈਰੀਓ ਦੀ ਨਿਰਮਾਣ ਦੀ ਯੋਜਨਾ* ਦੇ ਪੰਜ ਥੰਮ੍ਹ ਹਨ:

1. Rebuilding Ontario's Economy
2. Working for Workers
3. Building Highways and Key Infrastructure
4. Keeping Costs Down
5. A Plan to Stay Open

ਸਰਕਾਰ ਦੀ ਯੋਜਨਾ ਮਹੱਤਵਪੂਰਨ, ਖਣਿਜਾਂ, ਬੈਟਰੀਆਂ ਅਤੇ ਇਲੈਕਟ੍ਰਿਕ ਅਤੇ ਹਾਈਬ੍ਰਿਡ ਵਾਹਨਾਂ ਦੇ ਨਿਰਮਾਣ ਵਿੱਚ ਮੌਕਿਆਂ ਦਾ ਫਾਇਦਾ ਉਠਾਏਗੀ, ਕਾਮਿਆਂ ਲਈ ਬਿਹਤਰ ਨੌਕਰੀਆਂ ਅਤੇ ਵੱਡੀਆਂ ਤਨਖਾਹਾਂ ਪ੍ਰਦਾਨ ਕਰਨ ਵਿੱਚ ਮਦਦ ਕਰੇਗੀ, ਪਰਿਵਾਰਾਂ ਲਈ ਲਾਗਤਾਂ ਨੂੰ ਘੱਟ ਰੱਖਣ ਵਿੱਚ ਮਦਦ ਕਰੇਗੀ, ਅਤੇ ਹਾਈਵੇਅ, ਟ੍ਰਾਂਜ਼ਿਟ, ਹਸਪਤਾਲਾਂ ਅਤੇ ਹੋਰ ਮੁੱਖ ਬੁਨਿਆਦੀ ਢਾਂਚਾ ਲਈ ਉਸਾਰੀ ਦੀ ਸ਼ੁਰੂਆਤ ਕਰੇਗੀ। ਖੁੱਲੇ ਰਹਿਣ ਦੀ ਯੋਜਨਾ ਦੁਆਰਾ ਸਮਰਥਤ, ਸਰਕਾਰ ਓਨਟੈਰੀਓ ਦਾ ਨਿਰਮਾਣ ਕਰ ਰਹੀ ਹੈ।

Minister Bethlenfalvy ਨੇ ਕਿਹਾ, "ਓਨਟੈਰੀਓ ਦੇ ਲੋਕ ਅਜਿਹੀ ਸਰਕਾਰ ਦੇ ਹੱਕਦਾਰ ਹਨ ਜਿਸਦੀ ਉਸਾਰੀ ਦੀ ਅਸਲ ਯੋਜਨਾ ਹੈ। ਸਾਡੀ ਸਰਕਾਰ ਦਾ ਬਜਟ Premier Ford ਦਾ ਸੁਪਨਾ ਅਤੇ ਬਹਾਨਿਆਂ ਨੂੰ ਖਤਮ ਕਰਨ ਅਤੇ ਓਨਟੈਰੀਓ ਦੇ ਲੋਕਾਂ ਦੀਆਂ ਤਰਜੀਹਾਂ 'ਤੇ ਤੁਰੰਤ ਕੰਮ ਕਰਨ ਦੀ ਸਾਡੀ ਯੋਜਨਾ ਹੈ।"

*2022 Budget* ਸਰਕਾਰ ਦੇ ਮਜ਼ਬੂਤ ਵਿੱਤੀ ਪ੍ਰਬੰਧਨ ਦੇ ਟਰੈਕ ਰਿਕਾਰਡ ਨੂੰ ਜਾਰੀ ਰੱਖਦਾ ਹੈ। ਇਸ ਯੋਜਨਾ ਵਿੱਚ ਅਗਲੇ ਤਿੰਨ ਸਾਲਾਂ ਵਿੱਚ ਲਗਭਗ ਪੰਜ ਪ੍ਰਤੀਸ਼ਤ ਦੀ ਔਸਤ ਸਾਲਾਨਾ ਦਰ ਨਾਲ ਅਧਾਰ ਪ੍ਰੋਗਰਾਮ ਖਰਚਿਆਂ ਵਿੱਚ ਵਾਧਾ ਸ਼ਾਮਲ ਹੈ। ਬਜਟ ਇੱਕ ਰਿਕਵਰੀ ਯੋਜਨਾ ਵੀ ਪੇਸ਼ ਕਰਦਾ ਹੈ ਜੋ ਓਨਟੈਰੀਓ ਦੇ ਘਾਟੇ ਨੂੰ *2021 Budget* ਵਿੱਚ ਅਨੁਮਾਨਿਤ ਨਾਲੋਂ ਦੋ ਸਾਲ ਪਹਿਲਾਂ ਖਤਮ ਕਰ ਦੇਵੇਗਾ।

Minister Bethlenfalvy ਨੇ ਕਿਹਾ, "ਸਾਡੀ ਸਰਕਾਰ ਦੀ ਇੱਕ ਯੋਜਨਾ ਹੈ, ਅਤੇ ਉਹ ਯੋਜਨਾ ਕੰਮ ਕਰ ਰਹੀ ਹੈ। ਪਰ ਕੰਮ ਖਤਮ ਨਹੀਂ ਹੋਇਆ ਹੈ, ਅਤੇ ਕੰਮ ਪੂਰਾ ਨਹੀਂ ਹੋਇਆ ਹੈ। ਅਸੀਂ ਓਨਟੈਰੀਓ ਦੇ ਲੋਕਾਂ ਲਈ ਇਸ ਨੂੰ ਪੂਰਾ ਕਰਨ ਲਈ ਤਿਆਰ ਹਾਂ।"

**Rebuilding Ontario's Economy**ਸਰਕਾਰ ਦੀ ਯੋਜਨਾ ਦਾ ਪਹਿਲਾ ਥੰਮ੍ਹ ਹੈ। ਜਦੋਂ ਕਿ ਓਨਟੈਰੀਓ ਨੇ 2004 ਅਤੇ 2018 ਦੇ ਵਿਚਕਾਰ 300,000 ਉਤਪਾਦਨ ਨੌਕਰੀਆਂ ਗੁਆ ਦਿੱਤੀਆਂ, ਸਰਕਾਰ ਦੀ ਹਰ ਥਾਂ, ਹਰ ਕਿਸੇ ਲਈ ਨੌਕਰੀਆਂ ਪੈਦਾ ਕਰਨ ਅਤੇ ਖੁਸ਼ਹਾਲੀ ਦਾ ਨਿਰਮਾਣ ਕਰਨ ਵਿੱਚ ਮਦਦ ਕਰਨ ਦੀ ਯੋਜਨਾ ਹੈ।

ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਓਨਟੈਰੀਓ ਦੇ ਮਹੱਤਵਪੂਰਨ ਖਣਿਜਾਂ ਦੇ ਮੌਕੇ ਨੂੰ ਹਾਸਲ ਕਰਨਾ North ਵਿੱਚ ਸ਼ੁਰੂ ਹੁੰਦਾ ਹੈ। ਮਹੱਤਵਪੂਰਨ ਖਣਿਜ ਸਾਫ਼ ਸਟੀਲ, ਬੈਟਰੀਆਂ ਅਤੇ ਹਾਈਬ੍ਰਿਡ ਅਤੇ ਇਲੈਕਟ੍ਰਿਕ ਵਾਹਨਾਂ ਦੇ ਭਵਿੱਖ ਦਾ ਹਿੱਸਾ ਬਣ ਜਾਣਗੇ ਜਿਵੇਂ ਆਟੋਮੋਬਾਈਲਜ਼ ਦੀ ਅਗਲੀ ਪੀੜ੍ਹੀ ਓਨਟੈਰੀਓ ਵਿੱਚ ਓਨਟੈਰੀਓ ਵਰਕਰਾਂ ਦੁਆਰਾ ਬਣਾਈ ਜਾਂਦੀ ਹੈ ਅਤੇ ਉੱਤਰੀ ਅਮਰੀਕਾ ਅਤੇ ਦੁਨੀਆ ਭਰ ਵਿੱਚ ਵੇਚੀ ਜਾਂਦੀ ਹੈ। ਸਰਕਾਰ ਦੀ ਯੋਜਨਾ ਵਿੱਚ ਵਿਰਾਸਤੀ ਬੁਨਿਆਦੀ ਢਾਂਚੇ, ਜਿਵੇਂ ਕਿ Ring of Fire, ਲਈ ਆਲ-ਸੀਜ਼ਨ ਸੜਕਾਂ, ਖੁਸ਼ਹਾਲੀ ਲਈ ਕੋਰੀਡੋਰ ਦੇ ਨਿਰਮਾਣ, ਲਈ $1 ਬਿਲੀਅਨ ਤੱਕ ਸ਼ਾਮਲ ਹਨ। ਯੋਜਨਾ ਨੂੰ ਕ੍ਰਿਟੀਕਲ ਮਿਨਰਲਜ਼ ਸਟ੍ਰੈਟੇਜੀ (Critical Minerals Strategy) ਅਤੇ ਕ੍ਰਿਟੀਕਲ ਮਿਨਰਲਜ਼ ਇਨੋਵੇਸ਼ਨ ਫੰਡ (Critical Minerals Innovation Fund) ਬਣਾਉਣ ਲਈ 2022-23 ਵਿੱਚ $2 ਮਿਲੀਅਨ ਅਤੇ 2023-24 ਵਿੱਚ $3 ਮਿਲੀਅਨ ਦੁਆਰਾ ਸਮਰਥਨ ਵੀ ਪ੍ਰਾਪਤ ਹੈ।

- ਵਧੀਆ ਨਿਰਮਾਣ ਨੌਕਰੀਆਂ ਪੈਦਾ ਕਰਨ ਵਿੱਚ ਮਦਦ ਕਰਨਾ ਜਿਵੇਂ ਓਨਟੈਰੀਓ ਭਵਿੱਖ ਦੇ ਵਾਹਨਾਂ ਨੂੰ ਬਣਾਉਣ ਵਿੱਚ ਉੱਤਰੀ ਅਮਰੀਕੀ ਆਗੂ ਬਣਦਾ ਹੈ। ਅਪ੍ਰੈਲ 2022 ਤੱਕ, ਓਨਟੈਰੀਓ ਨੇ ਪਿਛਲੇ 18 ਮਹੀਨਿਆਂ ਵਿੱਚ ਵਾਹਨ ਉਤਪਾਦਨ ਦੇ ਅਧਿਆਦੇਸ਼ਾਂ ਅਤੇ ਬੈਟਰੀ ਨਿਰਮਾਣ ਲਈ $12 ਬਿਲੀਅਨ ਤੋਂ ਵੱਧ ਨਵੇਂ ਨਿਵੇਸ਼ ਦੇਖੇ ਹਨ। ਓਨਟੈਰੀਓ ਸੂਬੇ ਵਿੱਚ ਆਟੋਮੋਬਾਈਲ ਬਣਾਉਣ ਵਿੱਚ ਮਦਦ ਕਰਨ ਲਈ ਸੂਬੇ ਨੂੰ ਸਾਫ਼-ਸੁਥਰੇ, ਘੱਟ ਨਿਕਾਸੀ ਵਾਲੇ ਸਟੀਲ ਦਾ ਵਿਸ਼ਵ-ਪ੍ਰਮੁੱਖ ਉਤਪਾਦਕ ਬਣਾਉਣ ਵਿੱਚ ਮਦਦ ਕਰਨ ਲਈ ਨਿਵੇਸ਼ਾਂ ਦਾ ਸਮਰਥਨ ਵੀ ਕਰ ਰਿਹਾ ਹੈ।
- ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਓਨਟੈਰੀਓ ਭਰ ਦੇ ਭਾਈਚਾਰਿਆਂ ਵਿੱਚ ਸੂਬਾਈ ਏਜੰਸੀਆਂ ਵਿੱਚ ਨੌਕਰੀਆਂ ਲਿਆਉਣ ਲਈ ਕੰਮ ਕਰਨਾ। ਇਹ Workplace Safety and Insurance Board (WSIB) ਦੇ ਹੈੱਡਕੁਆਰਟਰ ਨੂੰ ਲੰਡਨ ਵਿੱਚ ਤਬਦੀਲ ਕਰਨ, ਏਜੰਸੀ ਅਤੇ ਹੋਰ ਭਾਈਵਾਲਾਂ ਨਾਲ ਨਜ਼ਦੀਕੀ ਸਾਂਝੇਦਾਰੀ ਵਿੱਚ ਕੰਮ ਕਰਨ, ਅਤੇ ਨਵੀਂਆਂ ਸਰਕਾਰੀ ਏਜੰਸੀਆਂ ਦੇ ਹੈੱਡਕੁਆਰਟਰ ਲਈ ਮੇਨ ਸਟ੍ਰੀਟ ਕਮਿਊਨਿਟੀਆਂ ਦੀ ਪਛਾਣ ਕਰਨ ਨਾਲ ਸ਼ੁਰੂ ਹੁੰਦਾ ਹੈ।
- ਸੂਬੇ ਨੂੰ ਮਹੱਤਵਪੂਰਨ ਤਕਨਾਲੋਜੀਆਂ ਨੂੰ ਵਿਕਸਤ ਕਰਨ ਅਤੇ ਉਹਨਾਂ ਦੀ ਮਾਲਕੀ ਲਈ ਵਿਸ਼ਵਵਿਆਪੀ ਦੌੜ ਵਿੱਚ ਅਧਿਕਾਰ ਖੇਤਰਾਂ ਨਾਲ ਮੁਕਾਬਲਾ ਕਰਨ ਵਿੱਚ ਮਦਦ ਕਰਨ ਲਈ ਅਗਲੇ ਤਿੰਨ ਸਾਲਾਂ ਵਿੱਚ ਲਗਭਗ $107 ਮਿਲੀਅਨ ਦਾ ਨਿਵੇਸ਼ ਕਰਨਾ।
- 2025 ਦੇ ਅੰਤ ਤੱਕ ਓਨਟੈਰੀਓ ਵਿੱਚ ਹਰ ਕਮਿਊਨਿਟੀ ਨੂੰ ਹਾਈ-ਸਪੀਡ ਇੰਟਰਨੈਟ ਪਹੁੰਚ ਦਾ ਸਮਰਥਨ ਕਰਨ ਲਈ ਲਗਭਗ $4 ਬਿਲੀਅਨ।

Working for Workers ਸਰਕਾਰ ਦੀ ਯੋਜਨਾ ਦਾ ਦੂਜਾ ਥੰਮ੍ਹ ਹੈ। ਓਨਟੈਰੀਓ ਦੇ ਵਰਕਰ ਅਜਿਹੀ ਸਰਕਾਰ ਦੇ ਹੱਕਦਾਰ ਹਨ ਜੋ ਓਨਟੈਰੀਓ ਲਈ ਓਨੀ ਹੀ ਸਖ਼ਤ ਮਿਹਨਤ ਕਰਦੀ ਹੈ ਜਿੰਨੀ ਉਹ ਓਨਟੈਰੀਓ ਲਈ ਕਰਦੇ ਹਨ। ਇਸ ਲਈ ਸਰਕਾਰ ਦੀ ਬਿਹਤਰ ਨੌਕਰੀਆਂ ਅਤੇ ਵੱਡੀਆਂ ਤਨਖਾਹਾਂ ਦਾ ਸਮਰਥਨ ਕਰਨ ਦੀ ਯੋਜਨਾ ਹੈ।

ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਡਿਜੀਟਲ ਪਲੇਟਫਾਰਮ ਵਰਕਰਾਂ ਨੂੰ ਆਮ ਘੱਟੋ-ਘੱਟ ਤਨਖਾਹ ਅਤੇ ਨਵੀਂਆਂ, ਕੈਨੇਡਾ ਵਿੱਚ ਪਹਿਲੀਆਂ ਸੁਰੱਖਿਆਵਾਂ ਦੀ ਗਰੰਟੀ ਦਿੰਦੇ ਹੋਏ, ਆਮ ਘੱਟੋ-ਘੱਟ ਤਨਖਾਹ ਨੂੰ 1 ਅਕਤੂਬਰ, 2022 ਨੂੰ $15.50 ਪ੍ਰਤੀ ਘੰਟਾ ਤੱਕ ਵਧਾਉਣਾ।
- ਲੋਕਾਂ ਨੂੰ ਨੂੰ ਮੁੜ ਸਿਖਲਾਈ ਦੇਣ ਅਤੇ ਆਪਣੇ ਹੁਨਰਾਂ ਅਪਗ੍ਰੇਡ ਕਰਨ ਵਿੱਚ ਮਦਦ ਕਰਨ ਲਈ ਰੋਜ਼ਗਾਰ ਅਤੇ ਸਿਖਲਾਈ ਪ੍ਰੋਗਰਾਮਾਂ ਵਿੱਚ ਸਲਾਨਾ $1 ਬਿਲੀਅਨ ਦਾ ਨਿਵੇਸ਼ ਕਰਨਾ ਜਿਵੇਂ ਸੂਬਾ ਓਨਟੈਰੀਓ ਵਰਕਰਾਂ ਲਈ ਬਿਹਤਰ ਨੌਕਰੀਆਂ ਅਤੇ ਮੌਕਿਆਂ ਦਾ ਸਮਰਥਨ ਕਰਨਾ ਜਾਰੀ ਰੱਖਦਾ ਹੈ।
- ਹੁਨਰਮੰਦ ਵਪਾਰਾਂ ਨਾਲ ਜੁੜੇ ਕਲੰਕ ਨੂੰ ਤੋੜਨ ਅਤੇ ਸਿਸਟਮ ਨੂੰ ਸਰਲ ਬਣਾਉਣ ਲਈ ਇਸਦੀ ਸਕਿਲਡ ਟ੍ਰੇਡਜ਼ ਸਟ੍ਰੈਟਜੀ (Skilled Trades Strategy) ਵਿੱਚ ਤਿੰਨ ਸਾਲਾਂ ਵਿੱਚ ਇੱਕ ਵਾਧੂ $114.4 ਮਿਲੀਅਨ ਦਾ ਨਿਵੇਸ਼ ਕਰਨਾ।
- ਅਪਲਾਈਡ ਖੇਤਰਾਂ ਵਿੱਚ ਨੌਕਰੀ ਲਈ ਤਿਆਰ ਗ੍ਰੈਜੂਏਟਾਂ ਦੀ ਇੱਕ ਪਾਈਪਲਾਈਨ ਬਣਾਉਣ ਵਿੱਚ ਮਦਦ ਕਰਨ ਲਈ ਕਾਲਜ ਡਿਗਰੀ ਗ੍ਰਾਂਟ ਕੀਤੇ ਜਾਣ ਦਾ ਵਿਸਤਾਰ ਕਰਨਾ ਅਤੇ ਵਿਦਿਆਰਥੀਆਂ ਨੂੰ ਕਾਰਜਬਲ ਵਿੱਚ ਤੇਜ਼ੀ ਨਾਲ ਦਾਖਲ ਹੋਣ ਲਈ ਸਿੱਖਿਆ, ਅਨੁਭਵ ਅਤੇ ਹੁਨਰ ਹਾਸਲ ਕਰਨ ਦੀ ਆਗਿਆ ਦੇਣਾ।
- ਮਹਾਮਾਰੀ ਰਿਕਵਰੀ ਪਹਿਲਕਦਮੀਆਂ ਸਮੇਤ, ਸਰਕਾਰ ਦੇ ਹੁਨਰ ਸਿਖਲਾਈ ਅਤੇ ਰੋਜ਼ਗਾਰ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨ ਲਈ Employment Ontario ਦੁਆਰਾ ਤਿੰਨ ਸਾਲਾਂ ਵਿੱਚ ਵਾਧੂ ਫੰਡਿੰਗ ਵਿੱਚ $268.5 ਮਿਲੀਅਨ ਪ੍ਰਦਾਨ ਕਰਨਾ।
- ਪਿਛਲੇ ਤਿੰਨ ਸਾਲਾਂ ਵਿੱਚ ਨਿਵੇਸ਼ ਕੀਤੇ ਗਏ ਲਗਭਗ $200 ਮਿਲੀਅਨ ਤੋਂ ਇਲਾਵਾ, 2022-23 ਵਿੱਚ ਨਵੇਂ ਫੰਡਿੰਗ ਵਿੱਚ $5 ਮਿਲੀਅਨ ਦੇ ਨਾਲ ਓਨਟੈਰੀਓ ਵਰਕਰਾਂ ਦੀ ਇੱਕ ਵੱਡੀ, ਵਧੇਰੇ ਵਿਭਿੰਨ ਸ਼੍ਰੇਣੀ ਦਾ ਸਮਰਥਨ ਕਰਨ ਲਈ ਸੈਕਿੰਡ ਕੈਰੀਅਰ ਪ੍ਰੋਗਰਾਮ (Second Career program) ਨੂੰ ਬੈਟਰ ਜੌਬਜ਼ ਓਨਟੈਰੀਓ (Better Jobs Ontario) ਦੇ ਰੂਪ ਵਿੱਚ ਮੁੜ ਸ਼ੁਰੂ ਕਰਨਾ। ਬੇਟਰ ਜੌਬਜ਼ ਓਨਟੈਰੀਓ ਨੌਕਰੀ ਲੇ-ਔਫ ਕੀਤੇ ਗਏ ਬੇਰੋਜ਼ਗਾਰ ਕਾਮਿਆਂ ਦੀ ਸਿਖਲਾਈ ਤੱਕ ਪਹੁੰਚ ਕਰਨ ਵਿੱਚ ਮਦਦ ਕਰਦਾ ਹੈ ਜਿਸਦੀ ਉਹਨਾਂ ਨੂੰ ਮੰਗ ਵਿੱਚ, ਚੰਗੀ ਤਨਖਾਹ ਵਾਲੀਆਂ ਨੌਕਰੀਆਂ ਲਈ ਯੋਗ ਬਣਨ ਲਈ ਲੋੜ ਹੁੰਦੀ ਹੈ ਅਤੇ ਸਥਾਨਕ ਰੋਜ਼ਗਾਰਦਾਤਾਵਾਂ ਨੂੰ ਉਹਨਾਂ ਉੱਚ-ਹੁਨਰਮੰਦ ਕਰਮਚਾਰੀਆਂ ਨਾਲ ਜੋੜਦਾ ਹੈ ਜਿਨ੍ਹਾਂ ਦੀ ਉਹਨਾਂ ਨੂੰ ਲੋੜ ਹੁੰਦੀ ਹੈ।
- ਨਵੇਂ ਆਏ ਲੋਕਾਂ ਨੂੰ ਇੱਕ ਯੋਜਨਾ ਨਾਲ ਆਕਰਸ਼ਿਤ ਕਰਨਾ ਜਿਸ ਵਿੱਚ ਓਨਟੈਰੀਓ ਇਮੀਗ੍ਰੈਂਟ ਨੌਮਿਨੀ ਪ੍ਰੋਗਰਾਮ (Ontario Immigrant Nominee Program - OINP), ਜੋ ਸਥਾਈ ਨਿਵਾਸ ਲਈ ਅਜਿਹੇ ਬਿਨੈਕਾਰਾਂ ਨੂੰ ਨਾਮਜ਼ਦ ਕਰਦਾ ਹੈ ਜਿਨ੍ਹਾਂ ਕੋਲ ਓਨਟੈਰੀਓ ਦੀ ਲੇਬਰ ਮਾਰਕੀਟ ਦੀਆਂ ਲੋੜਾਂ ਨਾਲ ਮੇਲ ਖਾਂਦਾ ਹੁਨਰ ਅਤੇ ਅਨੁਭਵ ਹੈ, ਵਿੱਚ ਤਿੰਨ ਸਾਲਾਂ ਵਿੱਚ ਵਾਧੂ $15.1 ਮਿਲੀਅਨ ਸ਼ਾਮਲ ਹਨ।

Building Highways and Key Infrastructure ਸਰਕਾਰ ਦੀ ਯੋਜਨਾ ਦਾ ਤੀਜਾ ਥੰਮ੍ਹ ਹੈ। ਬਹੁਤ ਲੰਬੇ ਸਮੇਂ ਤੋਂ, ਓਨਟੈਰੀਓ ਦੇ ਲੋਕ ਭਰੀਆਂ ਰੇਲ ਗੱਡੀਆਂ ਵਿੱਚ ਹਜ਼ਾਰਾਂ ਘੰਟੇ ਬਰਬਾਦ ਹੋਣ, ਜਾਂ ਬੰਪਰ-ਟੂ-ਬੰਪਰ ਟ੍ਰੈਫਿਕ ਵਿੱਚ ਵ੍ਹੀਲ ਦੇ ਪਿੱਛੇ ਹੋਣ ਦੇ ਨਾਲ, ਭੀੜ-ਭੜੱਕੇ ਵਿੱਚ ਫਸੇ ਹੋਏ ਹਨ, ਜਿਸ ਨਾਲ ਸੂਬੇ ਦੀ ਅਰਥ ਵਿਵਸਥਾ ਨੂੰ ਅਰਬਾਂ ਦਾ ਨੁਕਸਾਨ ਹੁੰਦਾ ਹੈ। ਇਸ ਨੂੰ ਬਦਲਣਾ ਪਵੇਗਾ। ਸਰਕਾਰ ਹਾਈਵੇਅ, ਟ੍ਰਾਂਜ਼ਿਟ ਅਤੇ ਬੁਨਿਆਦੀ ਢਾਂਚੇ ਦੇ ਹੋਰ ਪ੍ਰੋਜੈਕਟਾਂ ਦਾ ਨਿਰਮਾਣ ਕਰਨ, ਅਰਥ ਵਿਵਸਥਾ ਨੂੰ ਹੁਲਾਰਾ ਦੇਣ ਅਤੇ ਨੌਕਰੀਆਂ ਪੈਦਾ ਕਰਨ ਲਈ ਉਸਾਰੀ ਦੀ ਸ਼ੁਰੂਆਤ ਕਰ ਰਹੀ ਹੈ।

ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਅਗਲੇ 10 ਸਾਲਾਂ ਵਿੱਚ ਕੁੱਲ $158.8 ਬਿਲੀਅਨ, 2022-23 ਵਿੱਚ $20 ਬਿਲੀਅਨ ਸਮੇਤ ਯੋਜਨਾਬੱਧ ਨਿਵੇਸ਼ਾਂ ਦੇ ਨਾਲ, ਸੂਬੇ ਦੇ ਇਤਿਹਾਸ ਵਿੱਚ ਸਭ ਤੋਂ ਅਭਿਲਾਸ਼ੀ ਪੂੰਜੀ ਯੋਜਨਾਵਾਂ ਵਿੱਚੋਂ ਇੱਕ ਦੀ ਯੋਜਨਾ ਬਣਾਉਣਾ।
- ਅਗਲੇ 10 ਸਾਲਾਂ ਵਿੱਚ ਪੂਰੇ ਸੂਬੇ ਵਿੱਚ ਹਾਈਵੇਅ ਪ੍ਰੋਜੈਕਟਾਂ ਦੀ ਯੋਜਨਾਬੰਦੀ ਅਤੇ ਨਿਰਮਾਣ ਵਿੱਚ ਸਹਾਇਤਾ ਲਈ $25.1 ਬਿਲੀਅਨ ਦਾ ਨਿਵੇਸ਼ ਕਰਨਾ, ਜਿਸ ਵਿੱਚ ਸ਼ਾਮਲ ਹਨ:
  - Highway 413 ਦਾ ਨਿਰਮਾਣ ਕਰਨਾ
  - Bradford Bypass ਦਾ ਨਿਰਮਾਣ ਕਰਨਾ
  - Highway 401 ਨੂੰ ਭਵਿੱਖ ਵਿੱਚ ਚੌੜਾ ਕਰਨ ਲਈ ਸਮਰੱਥ ਬਣਾਉਣ ਲਈ ਪਹਿਲੇ ਕਦਮ
  - QEW Garden City Skyway ਵਿੱਚ ਸੁਧਾਰ ਕਰਨਾ
- Kitchener ਅਤੇ Guelph ਵਿਚਕਾਰ ਨਵੇਂ Highway 7 ਲਈ ਨਿਰਮਾਣ ਦੇ ਅਗਲੇ ਪੜਾਅ ਨੂੰ ਜਾਰੀ ਰੱਖਣਾ
- Highway 101, the Timmins Connecting Link ਦਾ ਪੁਨਰ ਨਿਰਮਾਣ
- 10 ਸਾਲਾਂ ਵਿੱਚ ਪਬਲਿਕ ਟ੍ਰਾਂਜ਼ਿਟ ਵਿੱਚ $61.6 ਬਿਲੀਅਨ ਦਾ ਨਿਵੇਸ਼ ਕਰਨਾ, ਜਿਸ ਵਿੱਚ ਸ਼ਾਮਲ ਹਨ:
  - Ontario Line ਲਈ ਉਸਾਰੀ ਦੀ ਸ਼ੁਰੂਆਤ ਕਰਨਾ
  - Sheppard Subway Extension ਲਈ ਯੋਜਨਾਬੰਦੀ ਦੇ ਕੰਮ ਨੂੰ ਅਗੇ ਵਧਾਉਣਾ
  - Toronto Pearson International Airport ਤੱਕ Eglinton Crosstown West Extension ਲਈ ਯੋਜਨਾਬੰਦੀ ਅਤੇ ਡੀਜ਼ਾਈਨ ਦਾ ਕੰਮ
  - Bowmanville GO Rail Extension
  - London ਅਤੇ Toronto ਵਿੱਚ Union Station ਵਿਚਕਾਰ ਵੀਕਡੇ GO Rail ਟ੍ਰਿੱਪ
  - Northeastern Ontario ਲਈ ਯਾਤਰੀ ਰੇਲ ਸੇਵਾ।

ਸਕੂਲਾਂ ਅਤੇ ਚਾਈਲਡ ਕੇਅਰ ਥਾਵਾਂ ਨੂੰ ਬਣਾਉਣ ਅਤੇ ਨਵਿਆਉਣ ਲਈ ਅਗਲੇ 10 ਸਾਲਾਂ ਵਿੱਚ ਪੂੰਜੀ ਗ੍ਰਾਂਟਾਂ ਵਿੱਚ ਲਗਭਗ $14 ਬਿਲੀਅਨ ਦਾ ਨਿਵੇਸ਼ ਕਰਨਾ।

ਹੋਰ ਵੇਰਵਿਆਂ ਲਈ *ਓਨਟੈਰੀਓ ਦੇ ਨਿਰਮਾਣ ਲਈ ਇੱਕ ਕੈਪੀਟਲ ਯੋਜਨਾ (A Capital Plan for Building Ontario)* ਦੇਖੋ।

Keeping Costs Down ਸਰਕਾਰ ਦੀ ਯੋਜਨਾ ਦਾ ਚੌਥਾ ਥੰਮ ਹੈ। ਜਦੋਂ ਲਾਗਤਾਂ ਵਧ ਜਾਂਦੀਆਂ ਹਨ, ਤਾਂ ਇਸਦਾ ਸਿੱਧਾ ਅਸਰ ਪਰਿਵਾਰਾਂ, ਬਜ਼ੁਰਗਾਂ, ਕਰਮਚਾਰੀਆਂ ਅਤੇ ਅਰਥ ਵਿਵਸਥਾ 'ਤੇ ਪੈਂਦਾ ਹੈ। ਇਸ ਲਈ ਸਰਕਾਰ ਦੀ ਹਾਊਸਿੰਗ ਸਪਲਾਈ ਵਧਾ ਕੇ, ਗੱਡੀ ਚਲਾਉਣ ਜਾਂ ਟ੍ਰਾਂਜ਼ਿਟ ਵਰਤਣ ਨੂੰ ਘੱਟ ਮਹਿੰਗਾ ਬਣਾ ਕੇ, ਅਤੇ ਬੱਚਿਆਂ ਦੀ ਦੇਖਭਾਲ ਤੋਂ ਲੈ ਕੇ ਟੈਕਸਾਂ ਤੱਕ ਹਰ ਚੀਜ਼ 'ਤੇ ਰਾਹਤ ਪ੍ਰਦਾਨ ਕਰਕੇ ਲਾਗਤਾਂ ਨੂੰ ਘੱਟ ਰੱਖਣ ਵਿੱਚ ਮਦਦ ਕਰਨ ਦੀ ਯੋਜਨਾ ਹੈ।

ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਹਾਊਸਿੰਗ ਸੰਕਟ ਨੂੰ ਹੱਲ ਕਰਨ ਲਈ, ਹਾਊਸਿੰਗ ਅਫੋਰਡੇਬਿਲਟੀ ਟਾਸਕ ਫੋਰਸ (Housing Affordability Task Force) ਦੀਆਂ ਸਿਫ਼ਾਰਸ਼ਾਂ ਦੁਆਰਾ ਸੂਚਿਤ ਇੱਕ ਲੰਮੀ ਮਿਆਦ ਦੀ ਯੋਜਨਾ ਨੂੰ ਲਾਗੂ ਕਰਨਾ। ਇਸ ਵਿੱਚ ਹਰ ਕਿਸਮ ਦੀ ਹਾਊਸਿੰਗ ਬਣਾਉਣ ਦਾ ਸਮਰਥਨ ਕਰਨ ਲਈ ਤੇਜ਼ੀ ਨਾਲ ਉਸਾਰੀ ਦੀ ਸ਼ੁਰੂਆਤ ਕਰਨ ਲਈ ਪ੍ਰਵਾਨਗੀਆਂ ਨੂੰ ਤੇਜ਼ ਕਰਨਾ, ਵਿਦੇਸ਼ੀ ਸੱਟੇਬਾਜ਼ਾਂ ਨਾਲੋਂ ਓਨਟੈਰੀਓ ਦੇ ਘਰੇਲੂ ਖਰੀਦਦਾਰਾਂ ਨੂੰ ਤਰਜੀਹ ਦੇਣਾ, ਅਨੈਤਿਕ ਡਿਵੈਲਪਰਾਂ 'ਤੇ ਸ਼ਿਕੰਜਾ ਕੱਸਣਾ, ਅਤੇ ਅਗਲੇ ਚਾਰ ਸਾਲਾਂ ਲਈ, ਹਰ ਸਾਲ ਹਾਊਸਿੰਗ ਸਪਲਾਈ ਐਕਸ਼ਨ ਪਲਾਨ ਪੇਸ਼ ਕਰਨ ਲਈ ਵਚਨਬੱਧਤਾ ਸ਼ਾਮਲ ਹਨ।
- ਯਾਤਰੀ ਵਾਹਨਾਂ, ਲਾਈਟ-ਡਿਊਟੀ ਟਰੱਕਾਂ, ਮੋਟਰਸਾਈਕਲਾਂ ਅਤੇ ਮੋਪੇਡਾਂ ਲਈ ਲਾਇਸੈਂਸ ਪਲੇਟ ਨਵਿਆਉਣ ਦੀਆਂ ਫੀਸਾਂ ਨੂੰ ਖਤਮ ਕਰਕੇ ਅਤੇ ਵਾਪਸ ਕਰ ਕੇ, 1 ਜੁਲਾਈ, 2022 ਤੋਂ ਛੇ ਮਹੀਨਿਆਂ ਲਈ ਗੈਸ ਟੈਕਸ ਵਿੱਚ 5.7 ਸੈਂਟ ਪ੍ਰਤੀ ਲੀਟਰ ਦੀ ਕਟੌਤੀ ਕਰਕੇ, ਅਤੇ Highway 418 and 412 ਤੋਂ ਟੋਲ ਹਟਾ ਕੇ ਗੱਡੀ ਚਲਾਉਣ ਨੂੰ ਘੱਟ ਮਹਿੰਗਾ ਬਣਾਉਣਾ।
- Low-income Individuals and Families Tax Credit (ਲੋ-ਇਨਕਮ ਇੰਡੀਲਿਜੁਅਲਜ਼ ਐਂਡ ਫੈਮਿਲੀਜ਼ ਟੈਕਸ ਕ੍ਰੈਡਿਟ) ਨੂੰ ਵਧਾ ਕੇ, ਔਸਤਨ, ਲਗਭਗ 1.1 ਮਿਲੀਅਨ ਟੈਕਸਦਾਤਾਵਾਂ ਨੂੰ Personal Income Tax (ਨਿੱਜੀ ਇਨਕਮ ਟੈਕਸ (PIT) ਰਾਹਤ ਵਿੱਚ $300 ਵਾਧੂ ਪ੍ਰਦਾਨ ਕਰਨ ਦਾ ਪ੍ਰਸਤਾਵ।
- ਮਾਤਾ-ਪਿਤਾ ਲਈ ਚਾਈਲਡ ਕੇਅਰ ਫੀਸਾਂ ਨੂੰ ਘਟਾਉਣਾ ਅਤੇ ਸਤੰਬਰ 2025 ਤੱਕ ਔਸਤਨ $10-ਪ੍ਰਤੀ-ਦਿਨ ਚਾਈਲਡ ਕੇਅਰ ਪ੍ਰਾਪਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ ਫੈਡਰਲ ਸਰਕਾਰ ਨਾਲ $13.2 ਬਿਲੀਅਨ ਦੇ ਸਮਝੌਤੇ 'ਤੇ ਹਸਤਾਖਰ ਕਰਕੇ ਓਨਟੈਰੀਓ ਲਈ ਇੱਕ ਨਿਰਪੱਖ ਸੌਦਾ ਸੁਰੱਖਿਅਤ ਕਰਨਾ।

A Plan to Stay Open ਸਰਕਾਰ ਦੀ ਯੋਜਨਾ ਦਾ ਪੰਜਵਾਂ ਥੰਮ ਹੈ। ਵੈਕਸੀਨ ਦੀਆਂ 32 ਮਿਲੀਅਨ ਤੋਂ ਵੱਧ ਖੁਰਾਕਾਂ ਦਿੱਤੇ ਜਾਣ ਅਤੇ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ 90 ਪ੍ਰਤੀਸ਼ਤ ਤੋਂ ਵੱਧ ਲੋਕਾਂ ਦਾ ਪੂਰਾ ਟੀਕਾਕਰਨ ਹੋਣ ਦੇ ਨਾਲ , ਓਨਟੈਰੀਓ ਕੋਵਿਡ-19 ਮਹਾਂਮਾਰੀ ਦੌਰਾਨ ਕਈ ਅਧਿਕਾਰ ਖੇਤਰਾਂ ਨਾਲੋਂ ਬਿਹਤਰ ਹਾਲਤ ਵਿੱਚ ਰਿਹਾ ਹੈ। ਸੂਬੇ ਨੇ ਸਾਵਧਾਨੀ ਨਾਲ ਪਾਬੰਦੀਆਂ ਹਟਾ ਦਿੱਤੀਆਂ ਹਨ, ਅਤੇ ਅਰਥ ਵਿਵਸਥਾ ਠੀਕ ਹੋ ਰਹੀ ਹੈ। ਅਗੇ ਆ ਸਕਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ, ਸਰਕਾਰ ਖੁੱਲੇ ਰਹਿਣ ਦੀ ਆਪਣੀ ਯੋਜਨਾ ਵਿੱਚ ਮਹੱਤਵਪੂਰਨ ਨਿਵੇਸ਼ ਕਰ ਰਹੀ ਹੈ।

ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਇਸ ਦੁਆਰਾ ਓਨਟੈਰੀਓ ਦੇ ਸਿਹਤ ਸੰਭਾਲ ਕਰਮਚਾਰੀਆਂ ਦਾ ਵਿਸਤਾਰ ਕਰਨਾ:
- 2,500 ਤੱਕ ਅਜਿਹੇ ਯੋਗ ਪੋਸਟ-ਸੈਕੰਡਰੀ ਵਿਦਿਆਰਥੀਆਂ ਲਈ ਨਵੀਂ Learn and Stay Grant (ਲਰਨ ਐਂਡ ਸਟੇ ਗ੍ਰਾਂਟ) ਸ਼ੁਰੂ ਕਰਕੇ ਜੋ ਤਰਜੀਹੀ ਪ੍ਰੋਗਰਾਮਾਂ, ਜਿਵੇਂ ਕਿ ਨਰਸਿੰਗ, ਵਿੱਚ ਦਾਖਲਾ ਲੈਂਦੇ ਹਨ, ਅਤੇ ਉਸ ਖੇਤਰ ਵਿੱਚ ਘੱਟ ਸੇਵਾ ਵਾਲੇ ਭਾਈਚਾਰਿਆਂ ਵਿੱਚ ਕੰਮ ਕਰਦੇ ਹਨ ਜਿੱਥੇ ਉਹਨਾਂ ਨੇ ਗ੍ਰੈਜੁਏਸ਼ਨ ਤੋਂ ਬਾਅਦ ਪੜ੍ਹਾਈ ਕੀਤੀ ਸੀ।
- ਓਨਟੈਰੀਓ ਦੀਆਂ ਨਰਸਾਂ ਨੂੰ ਪ੍ਰਤੀ ਵਿਅਕਤੀ $5,000 ਤੱਕ ਦਾ ਬਰਕਰਾਰ ਰੱਖਣ ਵਾਲਾ ਪ੍ਰੋਤਸਾਹਨ ਪ੍ਰਦਾਨ ਕਰਨ ਲਈ ਦੋ ਸਾਲਾਂ ਵਿੱਚ $764 ਮਿਲੀਅਨ ਦਾ ਨਿਵੇਸ਼ ਕਰਕੇ ਸਿਹਤ ਖੇਤਰ ਵਿੱਚ ਨਰਸਾਂ ਨੂੰ ਬਰਕਰਾਰ ਰੱਖਣ ਅਤੇ ਮੌਜੂਦਾ ਨਰਸਿੰਗ ਕਰਮਚਾਰੀਆਂ ਨੂੰ ਸਥਿਰ ਕਰਨ ਵਿੱਚ ਮਦਦ ਕਰਨਾ।
- ਮਾਰਚ 2020 ਤੋਂ ਸਿਸਟਮ ਵਿੱਚ ਸ਼ਾਮਲ ਕੀਤੇ ਗਏ 8,600 ਸਿਹਤ ਦੇਖਭਾਲ ਕਰਮਚਾਰੀਆਂ ਤੇ ਹੋਰ ਕੰਮ ਕਰਦੇ ਹੋਏ , ਸਿਹਤ ਸੰਭਾਲ ਸਮਰੱਥਾ ਨੂੰ ਵਧਾਉਣ ਲਈ 2022-23 ਵਿੱਚ $230 ਮਿਲੀਅਨ ਦਾ ਨਿਵੇਸ਼ ਕਰਨਾ।
- Brampton ਅਤੇ Scarborough ਦੇ ਨਵੇਂ ਮੈਡੀਕਲ ਸਕੂਲਾਂ ਸਮੇਤ, 160 ਅੰਡਰਗ੍ਰੈਜੁਏਟ ਅਤੇ 295 ਪੋਸਟ-ਗ੍ਰੈਜੁਏਟ ਅਹੁਦਿਆਂ ਦੇ ਵਿਸਤਾਰ ਨੂੰ ਸਮਰਥਨ ਦੇਣ ਲਈ 2023-24 ਤੋਂ ਸ਼ੁਰੂ ਹੋਏ ਦੋ ਸਾਲਾਂ ਵਿੱਚ $42.5 ਮਿਲੀਅਨ ਦਾ ਨਿਵੇਸ਼ ਕਰਨਾ।
- ਮਹੱਤਵਪੂਰਨ ਸਪਲਾਈਆਂ ਦੇ ਘਰੇਲੂ ਉਤਪਾਦਨ ਦਾ ਸਮਰਥਨ ਕਰਨਾ ਅਤੇ ਇਹ ਯਕੀਨੀ ਬਣਾਉਣ ਲਈ ਕਿ ਓਨਟੈਰੀਓ ਭਵਿੱਖੀ ਸੰਕਟਕਾਲਾਂ ਲਈ ਤਿਆਰ ਹੈ, ਅਪ੍ਰੈਲ 2022 ਤੱਕ, ਓਨਟੈਰੀਓ ਵਿੱਚ ਬਣਾਏ ਨਿੱਜੀ ਸੁਰੱਖਿਆ ਉਪਕਰਣਾਂ (PPE) ਦੇ ਨਿਰਮਾਣ ਵਿੱਚ ਸਹਾਇਤਾ ਕਰਨ ਲਈ ਲਗਭਗ $230 ਮਿਲੀਅਨ ਦੇ ਨਿਵੇਸ਼ਾਂ ਦਾ ਲਾਭ ਉਠਾਉਣ ਲਈ, Ontario Together Fund (ਓਨਟੈਰੀਓ ਟੂਗੈਦਰ ਫੰਡ) ਦੇ $77 ਮਿਲੀਅਨ ਤੋਂ ਵੱਧ ਦੀ ਵਚਨਬੱਧਤਾ।
- ਬਾਇਓਮੈਨਿਊਫੈਕਚਰਿੰਗ ਅਤੇ ਜੀਵਨ-ਵਿਗਿਆਨ ਲਈ ਇੱਕ ਗਲੋਬਲ ਹੱਬ ਬਣਨ ਦੇ ਮੌਕੇ ਨੂੰ ਅਪਣਾਉਣਾ ਅਤੇ ਇਲਾਜ ਅਤੇ ਮੈਡੀਕਲ ਅਤੇ ਡਿਜੀਟਲ ਤਕਨਾਲੋਜੀਆਂ ਦੀ ਵਪਾਰਕ ਸੰਭਾਵਨਾ ਨੂੰ ਵਿਕਸਤ ਕਰਨ ਅਤੇ ਵਧਾਉਣ ਲਈ ਇੱਕ ਨਵੇਂ ਲਾਈਫ ਸਾਇੰਸਜ਼ ਇਨੋਵੇਸ਼ਨ ਪ੍ਰੋਗਰਾਮ (Life Sciences Innovation Program) ਵਿੱਚ ਤਿੰਨ ਸਾਲਾਂ ਵਿੱਚ $15 ਮਿਲੀਅਨ ਦਾ ਰਣਨੀਤਕ ਨਿਵੇਸ਼ ਕਰਨਾ।
- ਅਗਲੇ 10 ਸਾਲਾਂ ਵਿੱਚ 50 ਤੋਂ ਵੱਧ ਵੱਡੇ ਹਸਪਤਾਲ ਪ੍ਰੋਜੈਕਟਾਂ ਦਾ ਸਮਰਥਨ ਕਰਨ ਵਾਲੇ ਹਸਪਤਾਲ ਅਤੇ ਸਿਹਤ ਸੰਭਾਲ ਬੁਨਿਆਦੀ ਢਾਂਚੇ ਵਿੱਚ $40 ਬਿਲੀਅਨ ਤੋਂ ਵੱਧ ਦਾ ਨਿਵੇਸ਼ ਕਰਕੇ ਹਸਪਤਾਲਾਂ ਦਾ ਨਿਰਮਾਣ ਅਤੇ ਸੁਧਾਰ ਕਰਨਾ ਹੈ ਜੋ 10 ਸਾਲਾਂ ਵਿੱਚ 3,000 ਨਵੇਂ ਬੈੱਡ ਜੋੜੇਗਾ।
- 2022-23 ਵਿੱਚ ਵਾਧੂ $3.3 ਬਿਲੀਅਨ ਦੇ ਨਾਲ ਹਸਪਤਾਲਾਂ ਵਿੱਚ ਇਤਿਹਾਸਕ ਨਿਵੇਸ਼ ਕਰਨਾ, 2018-19 ਤੋਂ ਹਸਪਤਾਲਾਂ ਵਿੱਚ ਕੁੱਲ ਵਾਧੂ ਨਿਵੇਸ਼ਾਂ ਨੂੰ $8.8 ਬਿਲੀਅਨ ਤੱਕ ਲਿਆਉਂਦੇ ਹੋਏ। ਸਰਕਾਰ ਮਹਾਮਾਰੀ ਦੌਰਾਨ ਹਸਪਤਾਲ ਵਿੱਚ ਸਥਾਪਿਤ ਕੀਤੇ ਗਏ 3,000 ਤੋਂ ਵੱਧ ਬੈੱਡਾਂ ਨੂੰ ਜਾਰੀ ਰੱਖਣ ਲਈ ਤਿੰਨ ਸਾਲਾਂ ਵਿੱਚ 3.5 ਬਿਲੀਅਨ ਡਾਲਰ ਅਤੇ ਕੋਵਿਡ-19 ਦੌਰਾਨ ਸੈਂਕੜੇ ਨਵੇਂ ਬਾਲਗ, ਬਾਲ ਅਤੇ ਨਵਜੰਮੇ ਗੰਭੀਰ ਦੇਖਭਾਲ ਵਾਲੇ ਬੈੱਡਾਂ ਨੂੰ ਜਾਰੀ ਰੱਖਣ ਲਈ ਤਿੰਨ ਸਾਲਾਂ ਵਿੱਚ 1.1 ਬਿਲੀਅਨ ਡਾਲਰ ਦਾ ਨਿਵੇਸ਼ ਵੀ ਕਰ ਰਹੀ ਹੈ।
- ਅਗਲੇ ਤਿੰਨ ਸਾਲਾਂ ਵਿੱਚ ਵਾਧੂ $1 ਬਿਲੀਅਨ ਤੱਕ ਨਿਵੇਸ਼ ਕਰਨ ਦੀ ਯੋਜਨਾ ਬਣਾ ਕੇ ਘਰੇਲੂ ਦੇਖਭਾਲ ਵਿੱਚ ਵਾਧੂ ਨਿਵੇਸ਼ ਕਰਨਾ। ਸਰਕਾਰ 70 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ ਮਦਦ ਲਈ ਹੋਮ ਟੈਕਸ ਕ੍ਰੈਡਿਟ 'ਤੇ ਇੱਕ ਨਵੇਂ, ਰਿਫੰਡੇਬਲ Ontario Seniors Care at Home Tax Credit (ਓਨਟੈਰੀਓ ਸੀਨੀਅਰਜ਼ ਕੇਅਰ ਐਟ ਹੋਮ ਕ੍ਰੈਡਿਟ) ਦਾ ਪ੍ਰਸਤਾਵ ਕਰ ਰਹੀ ਹੈ ਤਾਂ ਜੋ ਲੋਕਾਂ ਨੂੰ ਆਪਣੇ ਘਰਾਂ ਵਿੱਚ ਲੰਬੇ ਸਮੇਂ ਤੱਕ ਰਹਿਣ ਵਿੱਚ ਮਦਦ ਕੀਤੀ ਜਾ ਸਕੇ।

## ਕੁਝ ਤੱਥ

- ਓਨਟੈਰੀਓ ਦੇ ਅਸਲ ਕੁੱਲ ਘਰੇਲੂ ਉਤਪਾਦ (GDP) ਵਿੱਚ 2021 ਵਿੱਚ 4.3 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਅਤੇ ਰੋਜ਼ਗਾਰ ਵਿੱਚ 2021 ਵਿੱਚ 344,800 ਸ਼ੁੱਧ ਨੌਕਰੀਆਂ ਜਾਂ 4.9 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜੋ ਕਿ ਰਿਕਾਰਡ ਵਿੱਚ ਨੌਕਰੀ ਦੇ ਵਾਧੇ ਦੀ ਸਭ ਤੋਂ ਮਜ਼ਬੂਤ ਸਾਲਾਨਾ ਗਤੀ ਹੈ।
- ਓਨਟੈਰੀਓ ਦੇ 2027-28 ਤੱਕ ਸਰਪਲੱਸ ਸਥਿਤੀ 'ਤੇ ਵਾਪਸ ਆਉਣ ਦਾ ਅਨੁਮਾਨ ਹੈ, ਜੋ ਕਿ *2021 Budget* ਵਿੱਚ ਪੂਰਵ ਅਨੁਮਾਨ ਨਾਲੋਂ ਦੋ ਸਾਲ ਪਹਿਲਾਂ ਹੈ। ਦਰਮਿਆਨੀ ਮਿਆਦ ਦੇ ਦੌਰਾਨ, ਸਰਕਾਰ 2022-23 ਵਿੱਚ $19.9 ਬਿਲੀਅਨ, 2023-24 ਵਿੱਚ $12.3 ਬਿਲੀਅਨ, ਅਤੇ 2024-25 ਵਿੱਚ $7.6 ਬਿਲੀਅਨ ਦੇ ਲਗਾਤਾਰ ਘਾਟੇ ਦਾ ਅਨੁਮਾਨ ਲਗਾ ਰਹੀ ਹੈ, ਜੋ ਕਿ *2021 Budget* ਤੋਂ ਇੱਕ ਮਹੱਤਵਪੂਰਨ ਸੁਧਾਰ ਨੂੰ ਦਰਸਾਉਂਦੀ ਹੈ।
- 2021–22 ਵਿੱਚ ਸ਼ੁੱਧ ਕਰਜ਼ਾ-ਤੋਂ-ਜੀਡੀਪੀ ਅਨੁਪਾਤ 40.7–ਪ੍ਰਤੀਸ਼ਤ ਹੋਣ ਦਾ ਅਨੁਮਾਨ ਹੈ, ਜੋ ਕਿ *2021 Budget* ਵਿੱਚ ਪੇਸ਼ ਕੀਤੇ ਗਏ 48.8 ਪ੍ਰਤੀਸ਼ਤ ਪੂਰਵ ਅਨੁਮਾਨ ਨਾਲੋਂ 8.1 ਪ੍ਰਤੀਸ਼ਤ ਅੰਕ ਘੱਟ ਹੈ। ਦਰਮਿਆਨੀ-ਮਿਆਦ ਦੀ ਆਉਟਲੁੱਕ ਵਿੱਚ, ਓਨਟੈਰੀਓ ਦਾ ਸ਼ੁੱਧ ਕਰਜ਼ਾ-ਤੋਂ-ਜੀਡੀਪੀ ਅਨੁਪਾਤ ਹੁਣ 2022-23 ਅਤੇ 2023-24 ਵਿੱਚ 41.4 ਪ੍ਰਤੀਸ਼ਤ ਹੋਣ ਦਾ ਅਨੁਮਾਨ ਹੈ, ਅਤੇ 2024-25 ਵਿੱਚ ਘਟ ਕੇ 41.3 ਪ੍ਰਤੀਸ਼ਤ ਹੋ ਜਾਵੇਗਾ।
- *ਓਨਟੈਰੀਓ ਦੀ ਨਿਰਮਾਣ ਦੀ ਯੋਜਨਾ* ਦੇ ਹਿੱਸੇ ਵਜੋਂ ਪ੍ਰਸਤਾਵਿਤ ਵਿਧਾਨਿਕ ਸੋਧਾਂ, ਜੇਕਰ ਪਾਸ ਹੋ ਜਾਂਦੀਆਂ ਹਨ ਤਾਂ, Toronto ਮਿਉਂਸਪਲ ਸੀਮਾਵਾਂ ਵਿੱਚ ਸਹਿਜ ਟ੍ਰਾਂਜ਼ਿਟ ਸੇਵਾਵਾਂ ਬਣਾਉਣ, ਆਟੋ ਬੀਮਾ ਧੋਖਾਧੜੀ 'ਤੇ ਨਕੇਲ ਕੱਸਣ, ਅਤੇ WSIB ਮੁੱਖ ਦਫ਼ਤਰ ਲਈ Toronto ਵਿੱਚ ਸਥਿਤ ਹੋਣ ਦੀ ਲੋੜ ਨੂੰ ਦੂਰ ਕਰਨ ਵਿੱਚ ਮਦਦ ਕਰਨਗੀਆਂ।

## ਵਧੀਕ ਸਰੋਤ

*2022 Budget: ਓਨਟੈਰੀਓ ਦੀ ਨਿਰਮਾਣ ਦੀ ਯੋਜਨਾ*

*2022 Budget ਦੀਆਂ ਹਾਈਲਾਈਟਾਂ: ਓਨਟੈਰੀਓ ਦੀ ਨਿਰਮਾਣ ਦੀ ਯੋਜਨਾ* ਪੜ੍ਹੋ
*ਓਨਟੈਰੀਓ ਦੇ ਨਿਰਮਾਣ ਲਈ ਇੱਕ ਕੈਪੀਟਲ ਯੋਜਨਾ*

ਆਰਥਿਕ ਅਤੇ ਵਿੱਤੀ ਸਾਰ



## ਮੀਡੀਆ ਸੰਪਰਕ

ontario.ca/finance-news

*Disponible en français*

**Emily Hogeveen**

Minister's Office

647-294-6166

Emily.Hogeveen@ontario.ca

**Scott Blodgett**

Communications Branch

416-728-9791

Scott.Blodgett@ontario.ca